HOMEWORK WEEK OF 5/2/2020 DUE DATE : 5/8/2020

READ BLEOW ESSAY AND COMPLETE QUESTION ANSWERS

ਪਾਠ

# ਸਾਡੇ ਪੂਜਾ ਸਥਾਨ

ਜਿਥੇ ਪਰਮਾਤਮਾ ਦੀ ਪੂਜਾ ਕੀਤੀ ਜਾਂਦੀ ਹੈ, ਉਸ ਨੂੰ ਪੂਜਾ ਦਾ ਘਰ ਕਿਹਾ ਜਾਂਦਾ ਹੈ। ਇਥੇ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਹਿੰਦੂ ਮੰਦਰਾਂ ਵਿਚ ਪ੍ਰਭੂ ਦਾ ਭਜਨ ਕਰਦੇ ਹਨ ਅਤੇ ਸਿੱਖ ਗੁਰਦੁਆਰਿਆਂ ਵਿਚ ਵਾਹਿਗੁਰੂ ਦਾ ਨਾਮ ਜਪਦੇ ਹਨ।

## ਮੰਦਰ



ਹਿੰਦੂਆਂ ਦੇ ਪੂਜਾ ਘਰ ਨੂੰ ਮੰਦਰ ਕਿਹਾ ਜਾਂਦਾ ਹੈ। ਉਹ ਮੰਦਰਾਂ ਵਿਚ ਆਪਣੇ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਹਨ। ਮੰਦਰਾਂ ਵਿਚ ਵੱਖ-ਵੱਖ ਦੇਵਤਿਆਂ ਦੀਆਂ ਮੂਰਤੀਆਂ ਥਾਪੀਆਂ ਹੁੰਦੀਆਂ ਹਨ। ਮੰਦਰ ਦਾ ਪੰਡਿਤ ਆਏ ਸ਼ਰਧਾਲੂਆਂ ਨੂੰ ਪ੍ਰਸ਼ਾਦ ਵੰਡਦਾ ਹੈ। ਉਥੇ ਰਾਮਾਇਣ ਅਤੇ ਗੀਤਾ ਆਦਿ ਧਾਰਮਿਕ ਗ੍ਰੰਥਾਂ ਦਾ ਪਾਠ ਕੀਤਾ ਜਾਂਦਾ ਹੈ। ਦੀਵਾਲੀ, ਦੁਸਹਿਰਾ, ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਆਦਿ ਹਿੰਦੂਆਂ ਦੇ ਮੁੱਖ ਤਿਉਹਾਰ ਹਨ।

## ਗੁਰਦੁਆਰਾ



ਜਿਥੇ ਸਿੱਖ ਸੰਗਤਾਂ ਧਾਰਮਿਕ ਇਕੱਠ ਅਤੇ ਨਿਤਨੇਮ ਕਰਦੀਆਂ ਹਨ, ਉਸ ਨੂੰ ਗੁਰਦੁਆਰਾ ਆਖਦੇ ਹਨ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਸਥਾਨ ਦੀ ਪਹਿਚਾਣ ਲਈ ਉੱਚਾ ਨਿਸ਼ਾਨ ਸਾਹਿਬ ਲਹਿਰਾਇਆ ਜਾਂਦਾ ਹੈ। ਗੁਰਦੁਆਰੇ ਦੇ ਅੰਦਰ ਰਾਗੀ ਪ੍ਰਭੂ ਦਾ ਕੀਰਤਨ ਕਰਦੇ ਹਨ ਅਤੇ ਸੰਗਤਾਂ ਅਨੰਦ ਮਾਣਦੀਆਂ ਹਨ। ਗੁਰਦੁਆਰੇ ਵਿਚ ਹਰ ਵੇਲੇ ਗੁਰੂ ਕਾ ਲੰਗਰ ਚੱਲਦਾ ਰਹਿੰਦਾ ਹੈ। ਸੰਗਤਾਂ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਵਾਉਂਦੀਆਂ ਹਨ। ਗੁਰਪੁਰਬ ਸਿੱਖਾਂ ਦੇ ਮੁੱਖ ਤਿਉਹਾਰ ਹਨ।



### ਮਸਜਿਦ

ਮੁਸਲਮਾਨਾਂ ਦੇ ਨਿਮਾਜ਼ ਪੜ੍ਹਨ ਦੇ ਸਥਾਨ ਨੂੰ ਮਸਜਿਦ ਕਿਹਾ ਜਾਂਦਾ ਹੈ। ਉਹ ਪੰਜ ਨਿਮਾਜ਼ਾਂ ਪੜ੍ਹਦੇ ਹਨ। ਇਥੇ ਮੁੱਲਾ ਹਰ ਰੋਜ਼ ਬਾਂਗ ਦਿੰਦਾ ਹੈ। ਈਦ ਇਹਨਾਂ ਦਾ ਮੁੱਖ ਤਿਉਹਾਰ ਹੈ। ਕੁਰਾਨ ਸ਼ਰੀਫ਼ ਮੁਸਲਮਾਨਾਂ ਦਾ ਪਵਿੱਤਰ ਗ੍ਰੰਥ ਹੈ।



### ਗਿਰਜਾ ਘਰ

ਈਸਾਈਆਂ ਦੇ ਪੂਜਾ ਸਥਾਨ ਨੂੰ ਗਿਰਜਾ ਘਰ ਆਖਿਆ ਜਾਂਦਾ ਹੈ। ਗਿਰਜੇ ਦਾ ਮੁਖੀ ਪਾਦਰੀ ਹੁੰਦਾ ਹੈ। ਕ੍ਰਿਸਮਿਸ ਈਸਾਈਆਂ ਦਾ ਸਭ ਤੋਂ ਵੱਡਾ ਤਿਉਹਾਰ ਹੈ, ਜੋ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਯੀਸੂ ਮਸੀਹ ਦਾ ਜਨਮ ਹੋਇਆ ਸੀ। ਬਾਈਬਲ ਇਹਨਾਂ ਦਾ ਪਵਿੱਤਰ ਗ੍ਰੰਥ ਹੈ।

ਭਾਵੇਂ ਧਰਮ ਵੱਖ-ਵੱਖ ਹਨ, ਪਰ ਪਰਮਾਤਮਾ ਇਕ ਹੀ ਹੈ।

## ਸ਼ਬਦਾਂ ਦੇ ਅਰਥ :

ਸ਼ਾਂਤੀ = ਆਰਾਮ।

ਮੁੱਲਾ = ਮਸਜਿਦ ਦਾ ਪੁਜਾਰੀ।

ਕੀਰਤਨ = ਪ੍ਰਭੂ ਦਾ ਭਜਨ।

ਸੰਗਤ = ਸਤਸੰਗੀਆਂ ਦਾ ਇਕੱਠ।

ਸ਼ਰਧਾਲੂ = ਸ਼ਰਧਾ ਰੱਖਣ ਵਾਲਾ।

## ਅਭਿਆਸ

1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

ੳ) ਪੂਜਾ ਘਰ ਕਿਸ ਨੂੰ ਆਖਦੇ ਹਨ ?

______________________________

______________________________

ਅ) ਹਿੰਦੂਆਂ ਦੇ ਮੁੱਖ ਤਿਉਹਾਰਾਂ ਦੇ ਨਾਮ ਲਿਖੋ।

______________________________

______________________________

ੲ) ਗੁਰਦੁਆਰੇ ਤੋਂ ਕੀ ਭਾਵ ਹੈ ? ਗੁਰਦੁਆਰੇ ਅੰਦਰ ਕਿਸ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ?

______________________________

______________________________

ਸ) ਮਸਜਿਦ ਤੋਂ ਕੀ ਭਾਵ ਹੈ ? ਮੁਸਲਮਾਨ ਕਿੰਨੀਆਂ ਨਮਾਜ਼ਾਂ ਪੜ੍ਹਦੇ ਹਨ ?

______________________________

______________________________

ਹ) ਕ੍ਰਿਸਮਿਸ ਕਦੋਂ ਮਨਾਇਆ ਜਾਂਦਾ ਹੈ ?

______________________________

2. ਖ਼ਾਲੀ ਥਾਵਾਂ ਭਰੋ :

(ਗਿਰਜਾ ਘਰ, ਪੂਜਾ, ਈਦ, ਪਰਮਾਤਮਾ, ਮੰਦਰ, ਰਾਗੀ)

ੳ) ਹਿੰਦੂ________ਵਿਚ ਆਪਣੇ ਦੇਵਤਿਆਂ ਦੀ________ਕਰਦੇ ਹਨ।

ਅ) ਗੁਰਦੁਆਰੇ ਵਿਚ________ਕੀਰਤਨ ਕਰਦੇ ਹਨ।

ੲ) ________ਮੁਸਲਮਾਨਾਂ ਦਾ ਮੁੱਖ ਤਿਉਹਾਰ ਹੈ।

ਸ) ਈਸਾਈਆਂ ਦੇ ਪੂਜਾ ਸਥਾਨ ਨੂੰ________ਕਹਿੰਦੇ ਹਨ।

ਹ) ਧਰਮ ਵੱਖ-ਵੱਖ ਹਨ ਪਰ ________ਇਕ ਹੈ।

3. ਸਹੀ ਉੱਤਰ ਦੀ ਚੋਣ ਕਰੋ :

ੳ) ਹਿੰਦੂਆਂ ਦੇ ਧਾਰਮਿਕ ਗ੍ਰੰਥ ਕਿਹੜੇ-ਕਿਹੜੇ ਹਨ ?

ਬਾਈਬਲ

ਰਾਮਾਇਣ, ਮਹਾਂਭਾਰਤ, ਗੀਤਾ

ਕੁਰਾਨ ਸ਼ਰੀਫ਼

ਅ) ਈਸਾਈਆਂ ਦਾ ਮੁੱਖ ਤਿਉਹਾਰ ਕਿਹੜਾ ਹੈ ?

ਦੀਵਾਲੀ

ਗੁਰਪੁਰਬ

ਕ੍ਰਿਸਮਿਸ

SIKHBOOKCLUB.COM

ੲ) ਨਿਸ਼ਾਨ ਸਾਹਿਬ ਕਿਥੇ ਲੱਗਿਆ ਹੁੰਦਾ ਹੈ?

ਗੁਰਦੁਆਰੇ

ਮੰਦਰ

ਗਿਰਜਾ ਘਰ

Put these sentences in correct order

Example ਹਿੰਦੂਆਂ ਦੇ ਪੂਜਾ ਘਰ ਨੂੰ ਮੰਦਰ ਕਿਹਾ ਜਾਂਦਾ ਹੈ

4. ਹੇਠਾਂ ਲਿਖੇ ਵਾਕਾਂ ਨੂੰ ਠੀਕ ਤਰਤੀਬ ਨਾਲ ਲਿਖੋ:

ੳ) ਮੰਦਰ ਨੂੰ ਪੂਜਾ ਘਰ ਹਿੰਦੂਆਂ ਦੇ ਕਿਹਾ ਜਾਂਦਾ ਹੈ।

ਅ) ਗੁਰਦੁਆਰੇ ਕੀਰਤਨ ਲੰਗਰ ਅਤੇ ਪ੍ਰਭੂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ।

ੲ) ਹਿੰਦੂਆਂ ਦਾ ਧਾਰਮਿਕ ਗ੍ਰੰਥ ਸਿੱਖਾਂ ਦਾ ਰਾਮਾਇਣ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਸ) ਪੰਜ ਮੁਸਲਮਾਨ ਹਰ ਰੋਜ਼ ਨਿਮਾਜ਼ਾਂ ਹਨ ਪੜ੍ਹਦੇ।

ਹ) ਦਸੰਬਰ 25 ਨੂੰ ਜਨਮ ਯੀਸੂ ਮਸੀਹ ਦਾ ਹੋਇਆ ਸੀ।

5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਬਦਲੋ:

ੳ) ਪਾਠ ______________________________

ਅ) ਦੀਵਾਲੀ______________________________

ੲ) ਲੰਗਰ ______________________________

SIKHBOOKCLUB.COM

ਸ) ਜਨਮ ______________________________

ਹ) ਪੂਜਾ ______________________________

6. ਪੜਨਾਉਂ ਵਾਲੇ ਸ਼ਬਦਾਂ 'ਤੇ ਲਕੀਰ ਖਿੱਚੋ:

(ਨਾਉਂ ਸ਼ਬਦਾਂ ਦੀ ਥਾਂ ਜਿਨ੍ਹਾਂ ਸ਼ਬਦਾਂ ਨੂੰ ਵਰਤਿਆ ਜਾਂਦਾ ਹੈ, ਉਹਨਾਂ ਨੂੰ ਪੜਨਾਉਂ ਕਹਿੰਦੇ ਹਨ, ਜਿਵੇਂ <u>ਮੈਂ</u> ਹੱਸਦਾ ਹਾਂ)

ੳ) ਉਹ ਸਕੂਲ ਚਲਾ ਗਿਆ।

ਅ) ਤੁਹਾਡਾ ਕੀ ਨਾਂ ਹੈ?

ੲ) ਮੈਂ ਲਿਖ ਰਿਹਾ ਹਾਂ।

ਸ) ਉਸ ਨੇ ਨਾਸ਼ਤਾ ਕੀਤਾ।

ਹ) ਇਹ ਕੀ ਹੈ?